ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ

# ਵਿਸ਼ਵ ਪੰਜਾਬੀ ਸਾਂਝ

ਮਿਤੀ 04 ਦਸੰਬਰ ਬੁੱਧਵਾਰ 2024

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


## Canada ਨੇ ਮੁੜ ਲਗਾਏ ਭਾਰਤ ’ਤੇ ਬੇਬੁਨਿਆਦ ਦੋਸ਼, ਏਜੰਟਾਂ ਬਾਰੇ ਕਹੀ ਇਹ ਗੱਲ

ਨਵੀਂ ਦਿੱਲੀ 4 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਭਾਰਤ ਸਰਕਾਰ ’ਤੇ ਕੈਨੇਡਾ ਦੀ ਮੌਜੂਦਾ ਸਰਕਾਰ ਝੂਠੇ ਦੋਸ਼ ਲਗਾਉਂਦੀ ਰਹੀ ਹੈ। ਹੁਣ ਕੈਨੇਡੀਅਨ ਮੀਡੀਆ ਨੇ ਵੀ ਫਰਜ਼ੀ ਦਾਅਵਾ ਕਰਦਿਆਂ ਭਾਰਤੀ ਏਜੰਟਾਂ ’ਤੇ ਦੋਸ਼ ਲਗਾਏ ਹਨ। ਬੀਤੇ ਦਿਨ ਇੱਕ ਕੈਨੇਡੀਅਨ ਮੀਡੀਆ ਆਊਟਲੇਟ ਨੇ ਭਾਰਤੀ ਏਜੰਟਾਂ ’ਤੇ 2022 ਵਿਚ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਚੋਣ ਵਿੱਚ ਦਖਲ ਦੇਣ ਦਾ ਦੋਸ਼ ਲਗਾਇਆ। ਇਹ ਰਿਪੋਰਟ ਕੈਨੇਡੀਅਨ ਸਰਕਾਰ ਦੇ ਦੋਸ਼ਾਂ ਵਿਚਕਾਰ ਆਈ ਹੈ ਕਿ ਚੀਨ, ਭਾਰਤ ਅਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਨੇ ਕੈਨੇਡਾ ਵਿੱਚ 2019 ਅਤੇ 2021 ਦੀਆਂ ਸੰਘੀ ਚੋਣਾਂ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਸੀ। ਫਿਲਹਾਲ ਭਾਰਤ ਨੇ ਕੈਨੇਡਾ ਦੀਆਂ ਆਮ ਚੋਣਾਂ ਵਿੱਚ ਦਖਲਅੰਦਾਜ਼ੀ ਦੇ ਇਨ੍ਹਾਂ ਦੋਸ਼ਾਂ ਨੂੰ ‘ਬੇਬੁਨਿਆਦ’ ਕਰਾਰ ਦਿੰਦਿਆਂ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ।



ਇਸ ਸਮੇਂ ਪਿਏਰੇ ਪੋਇਲੀਵਰੇ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਹਨ। ਮੀਡੀਆ ਆਉਟਲੈਟਾਂ ਨੇ ਦਾਅਵਾ ਕੀਤਾ ਹੈ ਕਿ ਕੰਜ਼ਰਵੇਟਿਵ ਪਾਰਟੀ 2025 ਦੀਆਂ ਕੈਨੇਡੀਅਨ ਆਮ ਚੋਣਾਂ ਵਿੱਚ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਹਰਾ ਕੇ ਜਿੱਤ ਦੀ ਦਾਅਵੇਦਾਰ ਹੈ। ਹਾਲਾਂਕਿ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਚੋਣ ਪ੍ਰਕਿਰਿਆ ਨਾਲ ਸਿੱਧੇ ਤੌਰ ’ਤੇ ਜੁੜੇ ਲੋਕਾਂ ਨੇ ਇਸ ਕੈਨੇਡੀਅਨ ਨਿਊਜ਼ ਆਊਟਲੈੱਟ ਦੇ ਦਾਅਵਿਆਂ ਦਾ ਜ਼ੋਰਦਾਰ ਖੰਡਨ ਕੀਤਾ ਹੈ।

ਅਣਜਾਣ ਸਰੋਤਾਂ ਦੇ ਹਵਾਲੇ ਨਾਲ ਕੀਤਾ ਗਿਆ ਦਾਅਵਾ ਸੀ.ਬੀ.ਸੀ ਨਿਊਜ਼ ਦੀ ਰਿਪੋਰਟ ਅਨੁਸਾਰ ਬੇਨਾਮ ਸੂਤਰਾਂ ਨੇ ਰੇਡੀਓ-ਕੈਨੇਡਾ ਨੂੰ ਦਾਅਵਾ ਕੀਤਾ ਕਿ ਭਾਰਤ ਸਰਕਾਰ ਨੇ 2022 ਵਿੱਚ ਪੈਟਰਿਕ ਬ੍ਰਾਊਨ ਦੀ ਕੰਜ਼ਰਵੇਟਿਵ ਪਾਰਟੀ ਦੀ ਮੁਹਿੰਮ ਨੂੰ ਪਟੜੀ ਤੋਂ ਉਤਾਰਨ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ ਪੈਟਰਿਕ ਬ੍ਰਾਊਨ ਨੇ ਚੋਣਾਂ ’ਚ ਦਖਲਅੰਦਾਜ਼ੀ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਪੈਟਰਿਕ ਬ੍ਰਾਊਨ ਇਸ ਸਮੇਂ ਬਰੈਂਪਟਨ ਦੇ ਮੇਅਰ ਹਨ।

ਸੀ.ਬੀ.ਸੀ ਨਿਊਜ਼ ਅਨੁਸਾਰ ਭਾਰਤ ਸਰਕਾਰ ਨੇ ਕਥਿਤ ਤੌਰ ’ਤੇ 2022 ਵਿੱਚ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਮਿਸ਼ੇਲ ਰੇਮਪਲ ਗਾਰਨਰ ਨੂੰ ਪੈਟਰਿਕ ਬ੍ਰਾਊਨ ਲਈ ਸਮਰਥਨ ਵਾਪਸ ਲੈਣ ਲਈ ਦਬਾਅ ਪਾਇਆ।

ਦਿਲਚਸਪ ਗੱਲ ਇਹ ਹੈ ਕਿ ਰੇਂਪਲ ਗਾਰਨਰ ਨੇ ਵੀ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਗਾਰਨਰ 2022 ਵਿੱਚ ਬ੍ਰਾਊਨ ਦੀ ਰਾਸ਼ਟਰੀ ਮੁਹਿੰਮ ਦੀ ਸਹਿ-ਚੇਅਰ ਸੀ ਪਰ ਕੰਜ਼ਰਵੇਟਿਵ ਲੀਡਰਸ਼ਿਪ ਚੋਣਾਂ ਵਿਚਕਾਰ 16 ਜੂਨ, 2022 ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸ ਤੋਂ ਬਾਅਦ ਉਹ ਪ੍ਰਚਾਰ ’ਤੇ ਵਾਪਸ ਨਹੀਂ ਪਰਤੀ।

### ਪਿਅਰੇ ਪੋਇਲੀਵਰੇ ਨੇ ਜਿੱਤੀ ਲੀਡਰਸ਼ਿਪ ਚੋਣ

ਕੈਨੇਡੀਅਨ ਕੰਜ਼ਰਵੇਟਿਵਜ਼ ਦੀ ਲੀਡਰਸ਼ਿਪ ਚੋਣ ਪੀਅਰੇ ਪੋਇਲੀਵਰੇ ਦੁਆਰਾ ਨਿਰਣਾਇਕ ਤੌਰ ’ਤੇ ਜਿੱਤੀ ਗਈ ਸੀ, ਜੋ ਕਿ ਕੰਜ਼ਰਵੇਟਿਵ ਪਾਰਟੀ ਦੇ ਮੌਜੂਦਾ ਨੇਤਾ ਹਨ। ਸਤੰਬਰ 2022 ਵਿੱਚ Poilievre ਨੇ 68% ਵੋਟਾਂ ਨਾਲ ਪਹਿਲਾ ਬੈਲਟ ਜਿੱਤਿਆ। ਇਸ ਤੋਂ ਪਹਿਲਾਂ ਬ੍ਰਾਊਨ ਨੂੰ ਗੰਭੀਰ ਚੋਣ ਬੇਨਿਯਮੀਆਂ ਦੇ ਦੋਸ਼ਾਂ ਕਾਰਨ ਜੁਲਾਈ 2022 ਵਿੱਚ ਕੰਜ਼ਰਵੇਟਿਵ ਪਾਰਟੀ ਦੇ ਅਧਿਕਾਰੀਆਂ ਦੁਆਰਾ ਅਯੋਗ ਕਰਾਰ ਦਿੱਤਾ ਗਿਆ ਸੀ। ਹਾਲਾਂਕਿ ਸੀ.ਬੀ.ਸੀ ਦੀ ਰਿਪੋਰਟ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਪੋਇਲੀਵਰੇ ਨੂੰ "ਭਾਰਤੀ ਏਜੰਟਾਂ" ਦੁਆਰਾ ਕਥਿਤ ਦਖਲਅੰਦਾਜ਼ੀ ਬਾਰੇ ਕੋਈ ਜਾਣਕਾਰੀ ਨਹੀਂ ਸੀ।

## ਡੇਰਾ ਬਿਆਸ ਦੀ ਸੰਗਤ ਲਈ ਅਹਿਮ ਖ਼ਬਰ, ਬਦਲਿਆ ਸਤਿਸੰਗ ਦਾ ਸਮਾਂ

ਜਲੰਧਰ,04 ਦਸੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਰਾਧਾ ਸੁਆਮੀ ਡੇਰਾ ਬਿਆਸ ਦੀ ਸੰਗਤ ਲਈ ਅਹਿਮ ਖ਼ਬਰ ਹੈ। ਦਰਅਸਲ ਇਸ ਮਹੀਨੇ ਦੀ 15, 22, 29 ਤਾਰੀਖ਼ ਨੂੰ ਡੇਰਾ ਬਿਆਸ ਵਿਖੇ ਭੰਡਾਰੇ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਸਤਿਸੰਗ ਕਰਨਗੇ। ਇਸ ਤੋਂ ਇਕ ਦਿਨ ਪਹਿਲਾਂ ਸ਼ਨੀਵਾਰ ਨੂੰ ਵੀ ਸੰਗਤ ਨੂੰ ਪ੍ਰਸਾਦ ਦਿੱਤਾ ਜਾਵੇਗਾ ਅਤੇ ਗੁਰਿੰਦਰ ਸਿੰਘ ਢਿੱਲੋਂ ਸੰਗਤ ਨੂੰ ਦਰਸ਼ਨ ਦੇਣਗੇ। ਇਸ ਵਾਰ ਸਤਿਸੰਗ ਦਾ ਸਮਾਂ ਸਵੇਰੇ 10 ਵਜੇ ਹੋਵੇਗਾ ਜਦੋਂਕਿ ਪਹਿਲਾਂ ਇਹ 9.30 ਵਜੇ ਸੀ।

ਦੱਸ ਦਈਏ ਕਿ ਰਾਧਾ ਸੁਆਮੀ ਡੇਰਾ ਬਿਆਸ ’ਚ ਵੱਡੇ ਪੱਧਰ ’ਤੇ ਭੰਡਾਰੇ ਅਤੇ ਸਤਿਸੰਗ ਦਾ ਆਯੋਜਨ ਕੀਤਾ ਜਾਂਦਾ ਹੈ। ਹਾਲ ਹੀ ਵਿੱਚ ਡੇਰਾ ਬਿਆਸ ਦੇ ਸਤਿਸੰਗ ਘਰਾਂ ਨੇ ਸੰਗਤ ਦੀ ਸਹੂਲਤ ਲਈ ਇਕ ਹੋਰ ਵੱਡਾ ਕਾਰਜ ਕੀਤਾ ਹੈ, ਜਿਸ ਕਾਰਨ ਡੇਰਾ ਬਿਆਸ ਦੀ ਸੰਗਤ ਬਹੁਤ ਖ਼ੁਸ਼ ਹੈ। ਸ਼ੁੱਕਰਵਾਰ ਤੋਂ ਐਤਵਾਰ ਤੱਕ ਵੱਡੀ ਗਿਣਤੀ ਵਿੱਚ ਸੰਗਤਾਂ



ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਦਰਸ਼ਨਾਂ ਅਤੇ ਉਨ੍ਹਾਂ ਦਾ ਸਤਿਸੰਗ ਸੁਣਨ ਲਈ ਬਿਆਸ ਜਾਂਦੀਆਂ ਹਨ। ਤਕਨੀਕੀ ਕਾਰਨਾਂ ਕਰਕੇ ਪਿਛਲੇ ਕੁਝ ਦਿਨਾਂ ਤੋਂ ਰੇਲ ਆਵਾਜਾਈ ਕਾਫ਼ੀ ਪ੍ਰਭਾਵਿਤ ਹੋ ਰਹੀ ਸੀ। ਜਲੰਧਰ ਕੈਂਟ ਸਟੇਸ਼ਨ ’ਤੇ ਚੱਲ ਰਹੇ ਨਿਰਮਾਣ ਕਾਰਜ ਕਾਰਨ ਕਈ ਗੱਡੀਆਂ ਨੂੰ ਫਗਵਾੜਾ ਸਟੇਸ਼ਨ ’ਤੇ ਬੰਦ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸੰਗਤਾਂ ਨੂੰ ਡੇਰਾ ਬਿਆਸ ਪਹੁੰਚਣ ’ਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਕਾਰਨ ਰਾਧਾ ਸੁਆਮੀ ਸਤਿਸੰਗ ਘਰ ਜਲੰਧਰ ਅਤੇ ਫਗਵਾੜਾ ਦੇ ਪ੍ਰਬੰਧਕਾਂ ਨੇ ਸੰਗਤ ਦੀ ਸਹੂਲਤ ਲਈ ਫਗਵਾੜਾ ਸਟੇਸ਼ਨ ’ਤੇ ਸੇਵਾਦਾਰ ਤਾਇਨਾਤ ਕੀਤੇ ਅਤੇ ਦੂਜੇ ਸੂਬਿਆਂ ਤੋਂ ਆਉਣ ਵਾਲੀ ਸੰਗਤ ਦੇ ਡੇਰਾ ਬਿਆਸ ਪਹੁੰਚਣ ਦੇ ਪ੍ਰਬੰਧ ਕੀਤੇ। ਇਨ੍ਹਾਂ ਲਈ ਵਿਸ਼ੇਸ਼ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਇੰਨਾ ਹੀ ਨਹੀਂ ਸੰਗਤਾਂ ਅਤੇ ਹੋਰ ਰੇਲ ਯਾਤਰੀਆਂ ਲਈ ਚਾਹ, ਪਾਣੀ ਅਤੇ ਲੰਗਰ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ ਸੀ। ਬਜ਼ੁਰਗਾਂ ਲਈ ਵਹੀਲਚੇਅਰ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਸਮੇਂ ਸਿਰ ਡੇਰਾ ਬਿਆਸ ਪਹੁੰਚੀ ਸੰਗਤ ਨੇ ਇਸ ਸਹੂਲਤ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਹੈ।










# ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੁਖਬੀਰ ਬਾਦਲ ਨੂੰ ਗੋਲੀ ਮਾਰਨ ਦੀ ਕੋਸ਼ਿਸ਼

ਅੰਮ੍ਰਿਤਸਰ 4 ਦਸੰਬਰ (ਵਿਸ਼ਵ ਪੰਜਾਬੀ ਸਾਂਝ)- ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਸ ਵੇਲੇ ਵਾਲ-ਵਾਲ ਬਚ ਗਏ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪਹਿਰੇਦਾਰ ਦੀ ਸੇਵਾ ਕਰ ਰਹੇ ਸਨ। ਉਸ ਵੇਲੇ ਇੱਕ ਵਿਅਕਤੀ ਨੇ ਉਨ੍ਹਾਂ 'ਤੇ ਕੁਝ ਕਦਮਾਂ ਦੀ ਦੂਰੀ ਤੋਂ ਗੋਲੀ ਚਲਾ ਦਿੱਤੀ। ਪਰ ਇਸ ਤੋਂ ਪਹਿਲਾਂ ਹੀ ਉਨ੍ਹਾਂ ਦੇ ਕੋਲ ਖੜ੍ਹੇ ਕੁਝ ਵਿਅਕਤੀਆਂ ਨੇ ਹਮਲਾਵਰ ਨੂੰ ਪਿਸਤੌਲ ਤਾਣਦਿਆ ਦੇਖ ਲਿਆ ਅਤੇ ਤੁਰੰਤ ਫੜ ਲਿਆ, ਤੇ ਨਿਸ਼ਾਨਾ ਰਲ ਖੁੰਝ ਗਿਆ। ਸੁਰੱਖਿਆ ਘੇਰੇ ਨੇ ਤੁਰੰਤ ਸੁਖਬੀਰ ਸਿੰਘ ਬਾਦਲ ਨੂੰ ਘੇਰ ਲਿਆ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੋਹਾਂ ਆਗੂਆਂ ਦੀ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੇ ਪਾਸੇ ਪਹਿਰੇਦਾਰ ਵੱਜੋਂ ਸੇਵਾ ਲਾਈ ਗਈ ਸੀ। ਅੱਜ ਉਹ ਦੂਜੇ ਦਿਨ ਇਸ ਸੇਵਾ ਲਈ ਇੱਥੇ ਪੁੱਜੇ ਸਨ। ਇਸ ਹਮਲੇ ਤੋਂ ਬਾਅਦ ਵੀ ਸੁਖਬੀਰ ਬਾਦਲ ਵੱਲੋਂ ਆਪਣੀ ਸੇਵਾ ਜਾਰੀ ਰੱਖੀ ਗਈ ਅਤੇ ਉਨਾਂ ਪਹਿਰੇਦਾਰ ਦੀ ਸੇਵਾ ਕਰਨ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਲੰਗਰ ਘਰ ਵਿੱਚ ਸੰਗਤ ਦੇ ਝੂਠੇ ਬਰਤਨ ਮਾਂਜਣ ਦੀ ਸੇਵਾ ਕੀਤੀ।

### ਸ੍ਰੀ ਦਰਬਾਰ ਸਾਹਿਬ ਦੇ ਪਹਿਰੇਦਾਰ ਤੇ ਹਮਲਾ ਨਿੰਦਣਯੋਗ : ਗਿਆਨੀ ਰਘਬੀਰ ਸਿੰਘ

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਤੇ ਸੇਵਾ ਕਰਦਿਆਂ ਗੋਲੀ ਚਲਾਉਣ ਦੀ ਵਾਪਰੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨਾਂ ਕਿਹਾ ਕਿ ਇਹ ਹਮਲਾ ਸੁਖਬੀਰ ਸਿੰਘ ਬਾਦਲ ਤੇ ਨਹੀਂ ਸਗੋਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੇ ਪਾਸੇ ਪਹਿਰੇਦਾਰ ਦੀ ਲਾਈ ਗਈ ਸੇਵਾ ਕਰ ਰਹੇ ਇੱਕ ਸੇਵਾਦਾਰ ਤੇ ਹੋਇਆ।

ਉਧਰ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਗੁਰੂ ਚਰਨਾਂ ਵਿੱਚ ਸੇਵਾ ਕਰ ਰਹੇ ਇੱਕ ਵਿਅਕਤੀ 'ਤੇ ਗੋਲੀ ਚਲਾਉਣ ਵਰਗੀ ਅਜਿਹੀ ਕਾਇਰਾਨਾ ਕਾਰਵਾਈ ਕੋਈ ਸਿੱਖ ਨਹੀਂ ਕਰ ਸਕਦਾ ਅਤੇ ਅਜਿਹੇ ਵਿਅਕਤੀ ਨੂੰ ਸਿੱਖ ਕਹਿਣਾ ਗਲਤ ਹੋਵੇਗਾ।

ਇਸੇ ਤਰ੍ਹਾਂ ਐਸਜੀਪੀਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸੁਖਬੀਰ ਸਿੰਘ ਬਾਦਲ ਦੇ ਹੋਏ ਹਮਲੇ ਦੀ ਕੜ੍ਹੀ ਨਿੰਦਾ ਕੀਤੀ ਹੈ ,ਉਹਨਾਂ ਕਿਹਾ ਕਿ ਸੇਵਾ ਦੌਰਾਨ ਬਾਦਲ ਤੇ ਹਮਲਾ ਕਰਨਾ ਜਿੱਥੇ ਪੰਥ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਅਤੇ ਗੈਰ ਮਨੁੱਖੀ ਹਰਕਤ ਹੈ। ਉਥੇ ਹੀ ਸ਼੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਦੀ ਸਿੱਧੇ ਤੌਰ ਤੇ ਤੌਹੀਨ ਵੀ ਹੈ।

### ਜਾਣੋਂ, ਕੌਣ ਹੈ ਸੁਖਬੀਰ ਬਾਦਲ 'ਤੇ ਗੋਲੀ ਚਲਾਉਣ ਵਾਲਾ



ਸੁਖਬੀਰ ਸਿੰਘ ਬਾਦਲ ਤੇ ਗੋਲੀ ਚਲਾਉਣ ਵਾਲੇ ਦੀ ਪਹਿਚਾਣ ਨਰਾਇਣ ਸਿੰਘ ਚੌੜਾ ਵਜੋਂ ਹੋਈ ਹੈ ਜੋ ਕਿ ਇੱਕ ਗਰਮ ਖਿਆਲੀ ਫੈਡਰੇਸ਼ਨ ਨਾਲ ਸੰਬੰਧਿਤ ਹੈ। ਉਹ ਪਹਿਲਾਂ ਵੀ ਕੁੱਝ ਮਾਮਲਿਆਂ ਵਿੱਚ ਜੇਲ੍ਹ ਵਿੱਚ ਰਹਿ ਚੁੱਕਾ ਹੈ।












# ਚੰਡੀਗੜ੍ਹ ਤੋਂ ਟੋਰਾਂਟੋ, ਸ਼ਿਕਾਗੋ ਅਤੇ ਸੈਨ ਫ਼ਰਾਂਸਿਸਕੋ ਦੇ ਲਈ ਸ਼ੁਰੂ ਹੋਣਗੀਆਂ ਤਿੰਨ ਅੰਤਰਰਾਸ਼ਟਰੀ ਉਡਾਣਾਂ



ਚੰਡੀਗੜ੍ਹ, 4 ਦਸੰਬਰ,(ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਚੰਡੀਗੜ੍ਹ ਤੋਂ ਨਵੀਆਂ ਤਿੰਨ ਅੰਤਰਰਾਸ਼ਟਰੀ ਉਡਾਣਾ ਸ਼ੁਰੂ ਵਾਲੀਆਂ ਨੇ। ਇਹ ਐਲਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਹੈ। ਚੰਡੀਗੜ੍ਹ ਤੋਂ ਟੋਰਾਂਟੋਂ, ਸ਼ਿਕਾਗੋ ਅਤੇ ਸੈਨ ਫਰਾਸਿਸਕੋ ਦੇ ਲਈ ਸਿੱਧੀ ਉਡਾਣ ਹੋਵੇਗੀ।

ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਚੰਡੀਗੜ ?ਵ ਤੇ ਜਲਦੀ ਹੀ ਦੋ ਨਵੇਂ ਟਰਮੀਨਲ ਬਣਾਏ ਜਾਣਗੇ ਤਾਂ ਕਿ ਏਅਰਪੋਰਟ ਤੋਂ ਇੰਟਰਨੈਸ਼ਨਲ ਉਡਾਣਾਂ ਦੀ ਗਿਣਤੀ ਨੂੰ ਵਧਾਇਆ ਜਾ ਸਕੇ। ਇੰਟਰਨੈਸ਼ਨਲ ਏਅਰਪੋਰਟ ਤੋਂ ਪੱਛਮੀ ਦੇਸ਼ਾਂ ਦੀ ਕਨੈਕਟਵਿਟੀ ਵਧਾਉਣ ਦੇ ਲਈ ਪੰਜਾਬ ਸਰਕਾਰ ਦੇ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਮੋਹਾਲੀ ਇੰਟਰਨੈਸ਼ਨਲ ਏਅਰਪੋਰਟ ਤੋਂ ਟੋਰਾਂਟੋ, ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਦੀ ਉਡਾਣ ਸ਼ੁਰੂ ਕਰਨ ਦੇ ਲਈ ਪੰਜਾਬ ਸਰਕਾਰ ਨੇ ਪੂਰਾ ਐਕਸ਼ਨ ਪਲਾਨ ਤਿਆਰ ਕਰ ਰੱਖਿਆ ਹੈ। ਇਹ ਜਾਣਕਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੰਟਰਨੈਸ਼ਨਲ ਏਅਰਪੋਰਟ ਤੇ ਸ਼ਹੀਦ ਭਗਤ ਸਿੰਘ ਦੀ ਮੂਰਤੀ ਸਥਾਪਨਾ ਦੇ ਦੌਰਾਨ ਮੀਡੀਆਂ ਨਾਲ ਗੱਲਬਾਤ ਦੇ ਦੌਰਾਨ ਕਹੀਂ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇੰਟਰਨੈਸ਼ਨਲ ਏਅਰਪੋਰਟ ਦੇ ਮੌਜੂਦਾ ਟਰਮੀਨਲ ਦੇ ਦੋਨੋ ਪਾਸੇ ਦੋ ਟਰਮੀਨਲ ਬਣਾਏ ਜਾਣ ਦੇ ਲਈ ਜਗਹਾਂ ਛੱਡੀ ਗਈ ਹੈ। ਜਿੱਥੇ ਨਵੇਂ ਟਰਮੀਨਲ ਬਣਾ ਕੇ ਇੰਟਰਨੈਸ਼ਨਲ ਉਡਾਣ ਨੂੰ ਸ਼ੁਰੂ ਕਰਨ ਦੇ ਲਈ ਪੰਜਾਬ ਸਰਕਾਰ ਪੂਰਾ ਯਤਨ ਕਰ ਰਹੀ ਹੈ।

ਮੁੱਖ ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਬੀਤੇ ਦਿਨਾਂ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਹਾਜ਼ ਕੰਪਨੀਆਂ ਦੇ ਨਾਲ ਸੰਪਰਕ ਕਰਕੇ ਗੱਲਬਾਤ ਕੀਤੀ ਹੈ।

# ਦੋ ਨੌਜਵਾਨ ਚਾਰ ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ, ਬੀਐੱਸਐੱਫ ਜਵਾਨਾਂ ਨੇ ਪਾਕਿਸਤਾਨੀ ਡਰੋਨ 'ਤੇ ਕੀਤੀ ਫਾਇਰਿੰਗ



ਡੇਰਾ ਬਾਬਾ ਨਾਨਕ ,04 ਦਸੰਬਰ,(ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਬੀ.ਐੱਸ.ਐੱਫ ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ ਬੀ.ਐਸ.ਐਫ ਦੀ 113 ਬਟਾਲੀਅਨ ਦੀ ਬੀਓਪੀ ਆਬਾਦ ਤੇ ਤਾਇਨਾਤ ਬੀ.ਐੱਸ.ਐੱਫ਼ ਜਵਾਨਾਂ ਵਲੋਂ ਮੰਗਲਵਾਰ ਦੀ ਰਾਤ ਕੌਮਾਂਤਰੀ ਸਰਹੱਦ ਰਾਹੀਂ ਭਾਰਤੀ ਖੇਤਰ ਵਿੱਚ ਪ੍ਰਵੇਸ਼ ਹੋ ਰਹੇ ਪਾਕਿਸਤਾਨ ਡਰੋਨ 'ਤੇ ਫਾਇਰਿੰਗ ਕੀਤੀ ਗਈ ਜਦਕਿ ਬੁੱਧਵਾਰ ਨੂੰ ਪੁਲਿਸ ਅਤੇ ਬੀ.ਐਸ.ਐਫ ਵੱਲੋਂ ਦੋ ਨੌਜਵਾਨਾਂ ਕੋਲੋਂ ਚਾਰ ਕਿਲੋ ਹੈਰੋਨ ਬਰਾਮਦ ਕਰਨ ਦੀ ਖਬਰ ਹੈ ਜਾਣਕਾਰੀ ਅਨੁਸਾਰ ਬੀ.ਐੱਸ.ਐੱਫ ਦੀ 113 ਬਟਾਲੀਅਨ ਦੀ ਬੀਓਪੀ ਆਬਾਦ ਦੇ ਜਵਾਨਾਂ ਵੱਲੋਂ ਮੰਗਲਵਾਰ ਦੀ ਰਾਤ 0:40 ਦੇ ਕਰੀਬ ਸਰਹੱਦ 'ਤੇ ਚੌਕਸ ਬੀ.ਐੱਸ.ਐੱਫ ਦੀ ਬੀਓਪੀ ਆਬਾਦ ਦੇ ਜਵਾਨਾਂ ਰਾਤ ਵੇਲੇ ਆਸਮਾਨ ਵਿੱਚ ਭਾਰਤੀ ਸੀਮਾ ਤੇ ਪਾਕਿਸਤਾਨੀ ਡਰੋਨ ਨੂੰ ਵੇਖਿਆ ਜਿੱਥੇ ਡਿਊਟੀ 'ਤੇ ਚੌਕਸ ਜਵਾਨਾਂ ਵੱਲੋਂ 3 ਦੇ ਕਰੀਬ ਫਾਇਰ ਤੇ 2 ਰੌਸ਼ਨੀ ਬੰਬ ਚਲਾਏ ਗਏ ਡਰੋਨ ਐਕਟੀਵਿਟੀ ਦੀ ਖ਼ਬਰ ਸੁਣਦਿਆਂ ਹੀ ਬੀ.ਐੱਸ.ਐੱਫ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਪਾਸੇ ਬੁੱਧਵਾਰ ਨੂੰ ਬੀ.ਐਸ.ਐਫ ਪੱਕੇ ਪੰਜਾਬ ਪੁਲਿਸ ਵੱਲੋਂ ਸੰਬੰਧਤ ਏਰੀਏ ਵਿੱਚ ਪਹੁੰਚ ਕੇ ਸਰਚ ਅਭਿਆਨ ਚਲਾਇਆ ਹੋਇਆ ਹੈ। ਇਸ ਉਪਰੰਤ ਦੋ ਨੌਜਵਾਨਾਂ ਨੂੰ ਦੋ ਪੈਕਟ ਹੈਰੋਇਨ ਜਿਨਾਂ ਦਾ ਵਜ਼ਨ ਚਾਰ ਕਿਲੋ ਦੱਸਿਆ ਜਾ ਰਿਹਾ ਹੈ ਬਰਾਮਦ ਕੀਤੇ ਗਏ। ਨੌਜਵਾਨ ਵਿੱਚੋਂ ਇੱਕ ਦਾ ਨਾਂ ਮਾਰਕਸ ਮਸੀਹ ਪਿੰਡ ਸੰਗਤਪੁਰ ਝੰਡੇਰ ਅਤੇ ਮਾਈਕਲ ਵਜੋਂ ਹੋਈ ਹੈ।

ਪੁਲਿਸ ਥਾਣਾ ਡੇਰਾ ਬਾਬਾ ਨਾਨਕ ਦੇ ਐਸ.ਐਚ.ਓ ਅਮਰਜੀਤ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਬੀ.ਐਸ.ਐਫ ਤੇ ਪੰਜਾਬ ਪੁਲਿਸ ਦੇ ਸਾਂਝੇ ਸਰਚ ਅਭਿਆਨ ਦੌਰਾਨ ਦੋ ਪੈਕਟ ਹੈਰੋਇਨ ਜਿਨਾਂ ਦਾ ਵਜਨ ਸਾਢੇ ਚਾਰ ਕਿਲੋ ਬਰਾਮਦ ਕੀਤੀ ਗਈ ਇਸ ਦੌਰਾਨ ਦੋ ਨੌਜਵਾਨ ਮਰਕਸ ਮਸੀਹ ਅਤੇ ਮਾਈਕਲ ਮਸੀਹ ਨੂੰ ਕਾਬੂ ਕਰ ਲਿਆ ਗਿਆ ਹੈ ਜਦ ਕਿ ਦੋ ਸਾਥੀ ਭੱਜਣ ਵਿੱਚ ਸਫਲ ਹੋ ਗਏ ਹਨ। ਇਸ ਸਬੰਧੀ ਪੁਲਿਸ ਨਾਲ ਡੇਰਾ ਬਾਬਾ ਨਾਨਕ ਵਿੱਚ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।









# ਕੌਮੀ ਰਾਜਧਾਨੀ ਵਿੱਚ ਪੰਜਾਹ ਦਿਨਾਂ ਬਾਅਦ ਮੌਸਮ ਹੋਇਆ ਸਾਫ



ਨਵੀਂ ਦਿੱਲੀ, 04 ਦਸੰਬਰ, (ਜਸਵਿੰਦਰ ਸਿੰਘ ਬਿੱਟਾ)-ਕੌਮੀ ਰਾਜਧਾਨੀ ਦੇ ਲੋਕਾਂ ਨੇ ਅੱਜ 50 ਦਿਨਾਂ ਦੇ ਵਕਫ਼ੇ ਤੋਂ ਬਾਅਦ ਕੁਝ ਹੱਦ ਤਕ ਸਾਫ਼ ਹਵਾ ਦਾ ਆਨੰਦ ਮਾਣਿਆ। ਦਿੱਲੀ ਵਿਚ ਹਵਾ ਪ੍ਰਦੂਸ਼ਣ ਅੱਜ ਬਹੁਤ ਖਰਾਬ ਵਰਗ ਤੋਂ ਬਾਹਰ ਆ ਗਿਆ ਹੈ। ਇੱਥੇ 24 ਘੰਟੇ ਦਾ ਔਸਤ ਏਅਰ ਕੁਆਲਿਟੀ ਇੰਡੈਕਸ (ਏ.ਕਿਊ.ਆਈ) ਸ਼ਾਮ ਚਾਰ ਵਜੇ 178 ਦਰਜ ਕੀਤਾ ਗਿਆ ਜੋ ਇਕ ਦਿਨ ਪਹਿਲਾਂ 268 ਸੀ। ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਕੌਮੀ ਰਾਜਧਾਨੀ ਵਿਚ ਕਈ ਥਾਵਾਂ ’ਤੇ ਪ੍ਰਦੂਸ਼ਣ ਦਾ ਪੱਧਰ ਚਾਰ ਤੋਂ ਪੰਜ ਸੌ ਦਰਮਿਆਨ ਹੋ ਗਿਆ ਸੀ। ਜ਼ਿਕਰਯੋਗ ਹੈ ਕਿ ਕੌਮੀ ਰਾਜਧਾਨੀ ਦੇ ਵਾਸੀਆਂ ਨੂੰ 15 ਅਕਤੂਬਰ ਨੂੰ ਵੀ ਪ੍ਰਦੂਸ਼ਣ ਤੋਂ ਰਾਹਤ ਮਿਲੀ ਸੀ, ਉਸ ਵੇਲੇ ਏ.ਕਿਊ.ਆਈ198 ਦਰਜ ਕੀਤਾ ਗਿਆ ਸੀ। ਮੌਸਮ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਬੁੱਧਵਾਰ ਨੂੰ ਸ਼ਹਿਰ ਵਿੱਚ ਤੇਜ਼ ਹਵਾਵਾਂ ਚੱਲਣ ਚੱਲੀਆਂ ਤੇ 7 ਦਸੰਬਰ ਤੱਕ ਹਵਾਵਾਂ ਚੱਲਣਗੀਆਂ ਕਿਉਂਕਿ ਨਵੀਂ ਪੱਛਮੀ ਗੜਬੜੀ ਦੀ ਸੰਭਾਵਨਾ ਹੈ, ਇਸ ਨਾਲ 8 ਦਸੰਬਰ ਤੋਂ ਦਰਮਿਆਨੀ ਧੁੰਦ ਪੈਣ ਦੀ ਸੰਭਾਵਨਾ ਹੈ। ਇੱਥੋਂ ਦੇ 38 ਏਅਰ ਕੁਆਲਿਟੀ ਮਾਨੀਟਰਿੰਗ ਸਟੇਸ਼ਨਾਂ ਵਿੱਚੋਂ ਸਿਰਫ਼ ਸ੍ਰੀ ਅਰਬਿੰਦੋ ਮਾਰਗ ’ਤੇ ਪ੍ਰਦੂਸ਼ਣ ਜ਼ਿਆਦਾ ਰਿਹਾ।

ਇਸ ਤੋਂ ਪਹਿਲਾਂ ਦੇਸ਼ ਦੀ ਸਰਵਉਚ ਅਦਾਲਤ ਨੇ ਕੌਮੀ ਰਾਜਧਾਨੀ ਖੇਤਰ ਵਿੱਚ ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿਚ ਨਾਕਾਮ ਰਹਿਣ ’ਤੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦੀ ਖਿਚਾਈ ਕੀਤੀ ਸੀ ਜਿਸ ਤੋਂ ਬਾਅਦ ਇਸ ਕਮਿਸ਼ਨ ਨੇ ਦਿੱਲੀ ਪੁਲਿਸ ਤੇ ਨਗਰ ਨਿਗਮ ’ਤੇ ਸਖਤੀ ਕੀਤੀ ਸੀ। ਸੁਪਰੀਮ ਕੋਰਟ ਨੇ ਹਵਾ ਦਾ ਮਿਆਰ ਕਾਇਮ ਰੱਖਣ ਵਾਲੀ ਬਾਡੀ ਨੂੰ ਗਰੈਪ-4 ਤਹਿਤ ਲਾਈਆਂ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਨਾ ਕਰਨ ਲਈ ਜ਼ਿੰਮੇਵਾਰ ਦਿੱਲੀ ਸਰਕਾਰ ਅਤੇ ਦਿੱਲੀ ਪੁਲੀਸ ਦੇ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਵੀ ਕਿਹਾ ਸੀ। ਅਦਾਲਤ ਦੇ ਬੈਂਚ ਨੇ ਕਿਹਾ ਕਿ ਹੁਕਮਾਂ ਦੇ ਬਾਵਜੂਦ ਦਿੱਲੀ ਦੇ ਸਾਰੇ ਐਂਟਰੀ ਪੁਆਇੰਟਾਂ ’ਤੇ ਪੁਲਿਸ ਵਾਲੇ ਤਾਇਨਾਤ ਨਹੀਂ ਕੀਤੇ ਗਏ ਤੇ ਡੀਜ਼ਲ ਵਾਲੇ ਵਾਹਨ ਰਾਜਧਾਨੀ ਵਿਚ ਦਾਖਲ ਹੋ ਰਹੇ ਹਨ ਜਿਸ ਤੋਂ ਬਾਅਦ ਸਖਤੀ ਕੀਤੀ ਗਈ ਤੇ ਇਸ ਦਾ ਅਸਰ ਅੱਜ ਪੰਜਾਹ ਦਿਨਾਂ ਬਾਅਦ ਦੇਖਣ ਨੂੰ ਮਿਲਿਆ ਹੈ।

## ਪਿਛਲੇ 16 ਸਾਲਾਂ ਵਿੱਚ ਸਭ ਜ਼ਿਆਦਾ ਗਰਮ ਰਹੀ ਮੁੰਬਈ

ਮੁੰਬਈ, 4 ਦਸੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਮੁੰਬਈ ਵਿੱਚ ਅੱਜ ਵੱਧ ਤੋਂ ਵੱਧ ਤਾਪਮਾਨ 37.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਪਿਛਲੇ 16 ਸਾਲਾਂ ਵਿੱਚ ਦਸੰਬਰ ਦਾ ਸਭ ਤੋਂ ਗਰਮ ਦਿਨ ਹੈ। ਭਾਰਤੀ ਮੌਸਮ ਵਿਭਾਗ ਨੇ ਦੱਸਿਆ ਕਿ ਫਿਲਮ ਨਗਰੀ ਵਿਚ ਅੱਜ ਪਾਰਾ 37.3 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਜਦੋਂ ਕਿ ਕੋਲਾਬਾ ਵਿੱਚ ਤਾਪਮਾਨ 35 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਆਈ.ਐਮ.ਡੀ ਮੁੰਬਈ ਦੀ ਵਿਗਿਆਨੀ ਸੁਸ਼ਮਾ ਨਾਇਰ ਨੇ ਕਿਹਾ ਕਿ 5 ਦਸੰਬਰ 2008 ਨੂੰ ਇੱਥੇ ਤਾਪਮਾਨ 37.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਮੁੰਬਈ ਅਤੇ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿੱਚ ਅੱਜ ਹਲਕਾ ਮੀਂਹ ਪਿਆ ਜਿਸ ਨਾਲ ਸ਼ਹਿਰ ਦਾ ਘੱਟੋ-ਘੱਟ ਤਾਪਮਾਨ 25 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇੱਥੇ ਬੀਤੇ ਦਿਨ ਤੋਂ ਹੀ ਬੱਦਲ ਛਾਏ ਹੋਏ ਹਨ। ਆਈ.ਐਮ.ਡੀ ਨੇ ਕਿਹਾ ਕਿ ਚੱਕਰਵਾਤੀ ਤੂਫਾਨ ਕਾਰਨ ਇੱਥੇ ਵੀ ਹਲਕਾ ਮੀਂਹ ਪਿਆ।















# ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਨਿਗਮ ਚੋਣ ਲਈ 15 ਦਿਨ ਦਾ ਸਮਾਂ




ਚੰਡੀਗੜ੍ਹ , 04 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੰਗਲਵਾਰ ਨੂੰ ਪੰਜਾਬ ਚੋਣ ਕਮਿਸ਼ਨ ਨੂੰ ਨਗਰ ਨਿਗਮ ਚੋਣ ਦੀ ਅਧਿਸੂਚਨਾ ਜਾਰੀ ਕਰਨ ਲਈ 15 ਦਿਨ ਦਾ ਸਮਾਂ ਦਿੱਤਾ। ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣ ਕਰਵਾਉਣ ਦੇ ਹੁਕਮ ਦਾ ਪਾਲਨ ਨਾ ਹੋਣ ਤੇ ਦਾਖ਼ਲ ਅਵਮਾਨਨਾ ਪਟੀਸ਼ਨ ਤੇ ਹਾਈ ਕੋਰਟ ਨੇ ਇਹ ਹੁਕਮ ਜਾਰੀ ਕੀਤਾ।

ਮਲੇਰਕੋਟਲਾ ਨਿਵਾਸੀ ਬੇਅੰਤ ਸਿੰਘ ਨੇ ਜਨਹਿੱਤ ਪਟੀਸ਼ਨ ਵਿੱਚ ਹਾਈ ਕੋਰਟ ਨੂੰ ਦੱਸਿਆ ਸੀ ਕਿ ਪੰਜਾਬ ਦੀ 42 ਨਗਰ ਕੌਂਸਲਾਂ ਦਾ ਕਾਰਜ਼ਕਾਲ ਕਈ ਮਹੀਨੇ ਪਹਿਲਾ ਖ਼ਤਮ ਹੋ ਚੁੱਕਿਆ ਹੈ। ਕਈਆਂ ਦਾ ਕਾਰਜ਼ਕਾਲ ਦੋ ਸਾਲ ਤੋਂ ਜ਼ਿਆਦਾ ਸਮੇਂ ਤੋਂ ਖਤਮ ਹੈ। ਪੰਜ ਨਗਰ ਨਿਗਮਾਂ ਜਲੰਧਰ,ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਫਗਵਾੜਾ ਦੀਆਂ ਚੋਣਾ ਵੀ ਲੰਬਿਤ ਹਨ । ਚੋਣ ਨਾ ਹੋਣ ਨਾਲ ਵਿਕਾਸ ਕਾਰਜ਼ਾਂ ਵਿੱਚ ਖੜੋਤ ਆ ਚੁੱਕੀ ਹੈ। ਪਿਛਲੇ ਮਹੀਨੇ ਹਾਈਕੋਰਟ ਨੇ 15 ਦਿਨ ਦੇ ਅੰਦਰ ਚੋਣ ਦੀ ਅਧਿਸੂਚਨਾ ਜਾਰੀ ਕਰਨ ਦਾ ਹੁਕਮ ਦਿੱਤਾ ਸੀ। ਮਿਆਦ ਪੂਰੀ ਹੋਣ ਦੇ ਬਾਅਦ ਵੀ ਸਰਕਾਰ ਨੇ ਅਧਿਸੂਚਨਾ ਜਾਰੀ ਨਹੀਂ ਕੀਤੀ ਤਾਂ ਅਵਮਾਨਨਾ ਪਟੀਸ਼ਨ ਦਾਖਲ ਕੀਤੀ ਗਈ। ਸੁਪਰੀਮ ਕੋਰਟ ਨੇ 11 ਨਵੰਬਰ ਨੂੰ ਹੁਕਮ ਦਿੰਦੇ ਹੋਏ ਪੰਜਾਬ ਸਰਕਾਰ ਨੂੰ ਦੋ ਹਫ਼ਤਿਆਂ ਦੇ ਅੰਦਰ ਚੋਣ ਦੀ ਨੋਟੀਫਿਕੇਸ਼ਨ ਜ਼ਾਰੀ ਕਰਨ ਦੇ ਹੁਕਮ ਦਿੱਤੇ ਸਨ। ਹੁਕਮ ਦੇ ਤਹਿਤ 26 ਨਵੰਬਰ ਨੂੰ ਮੋਹਲਤ ਪੂਰੀ ਹੋਣ ਤੇ ਹੁਣ ਦੋਬਾਰਾ ਅਵਮਾਨਨਾ ਪਟੀਸ਼ਨ ਦਾਖਲ ਕੀਤੀ ਗਈ ਸੀ। ਮੰਗਲਵਾਰ ਸਵੇਰੇ ਹਾਈਕੋਰਟ ਨੇ ਚੋਣ ਕਮਿਸ਼ਨ ਨੂੰ ਇਹ ਦੱਸਣ ਦੇ ਲਈ ਬੁਲਾਇਆ ਸੀ ਕਿ ਹਾਈ ਕੋਰਟ ਦੇ ਹੁਕਮ ਦੇ ਬਾਵਜੂਦ ਅਧਿਸੂਚਨਾ ਕਿਉਂ ਜਾਰੀ ਨਹੀਂ ਕੀਤੀ ਗਈ ?। ਵਕੀਲ ਦੇ ਦੱਸਿਆ ਕਿ ਚੋਣ ਪ੍ਰੋਗਰਾਮ ਦੀ ਅਧਿਸੂਚਨਾ ਤਿਆਰ ਹੈ। 8 ਦਸੰਬਰ ਤੱਕ ਪ੍ਰਕਾਸ਼ਿਤ ਕਰ ਦਿੱਤੀ ਜਾਵੇਗੀ। ਇਸ ਤੇ ਹਾਈ ਕੋਰਟ ਨੇ 15 ਦਿਨ ਦਾ ਸਮਾਂ ਦਿੰਦੇ ਹੋਏ ਅਧਿਸੂਚਨਾ ਜਾਰੀ ਕਰਨ ਦਾ ਹੁਕਮ ਦਿੱਤਾ।

# ਹੁਣ ਬੈਂਕ ਖਾਤੇ ਵਿੱਚ ਚਾਰ ਲੋਕਾਂ ਨੂੰ ਬਣਾਇਆ ਜਾ ਸਕਦਾ ਨਾਮਿਨੀ




ਨਵੀਂ ਦਿੱਲੀ, 04 ਦਸੰਬਰ, (ਜਸਵਿੰਦਰ ਸਿੰਘ ਬਿੱਟਾ) - ਹੁਣ ਆਪਣੇ ਬੈਂਕ ਖ਼ਾਤੇ ਵਿੱਚ ਇੱਕ ਵਿਅਕਤੀ ਦੀ ਜਗਹਾਂ ਚਾਰ ਲੋਕਾਂ ਨੂੰ ਨਾਮਿਨੀ ਬਣਾਇਆ ਜਾ ਸਕਦਾ। ਲੋਕਸਭਾ ਵਿੱਚ ਮੰਗਲਵਾਰ ਨੂੰ ਪਾਸ ਬੈਂਕਕਾਰੀ ਵਿਧਿਆ ਕਾਨੂੰਨ (ਸੰਸ਼ੋਧਨ) 2024 ਵਿੱਚ ਇਸ ਨੂੰ ਪੇਸ਼ ਕੀਤਾ ਗਿਆ । ਇਸ ਨਾਲ ਸਿਰਫ਼ ਬੈਂਕ ਖਾਤੇ ਵਿੱਚ ਹੀ ਨਹੀਂ, ਬਲਕਿ ਬੈਕਾਂ ਵਿੱਚ ਰੱਖੇ ਗਏ ਲਾਕਰ ਜਾਂ ਦੂਜ਼ੀ ਬੈਕਿੰਗ ਸੇਵਾਵਾਂ ਦੇ ਲਈ ਵੀ ਗਾਹਕਾਂ ਨੂੰ ਚਾਰ ਲੋਕਾਂ ਨੂੰ ਨਾਮਿਨੀ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਾਨੂੰਨ ਪੇਸ਼ ਕਰਦੇ ਹੋਏ ਕਿਹਾ ਕਿ ਇਸਦਾ ਉਦੇਸ਼ ਦੇਸ਼ ਦੀ ਬੈਕਿੰਗ ਵਿਵਸਥਾ ਅਤੇ ਆਮ ਬੈਕਿੰਗ ਗਾਹਕਾਂ ਨੂੰ ਜਿਆਦਾ ਚੰਗੀ ਸੇਵਾ ਦੇਣਾ ਹੈ। ਕਾਨੂੰਨ ਵਿੱਚ ਬੈਂਕਾਂ ਦੇ ਪ੍ਰਬੰਧਨ ਨੂੰ ਜ਼ਿਆਦਾ ਅਧਿਕਾਰ ਦੇਣ ਦੀ ਵਿਵਸਥਾ ਵੀ ਹੈ ਜਿਵੇਂ ਬੈਂਕ ਆਪਣੇ ਆਡਿਟਰਾਂ ਦੀ ਫੀਸ ਆਦਿ ਦਾ ਫੈਸਲਾ ਹੁਣ ਆਪਣੇ ਪੱਧਰ ਤੇ ਹੀ ਕਰ ਸਕਣਗੇ। ਇਹ ਕਾਨੂੰਨ ਪੇਸ਼ ਕਰਨ ਦਾ ਐਲਾਨ ਵਿੱਤ ਮੰਤਰੀ ਨੇ ਜੁਲਾਈ 2024 ਵਿੱਚ ਆਪਣੇ ਬਜ਼ਟ ਭਾਸ਼ਣ ਵਿੱਚ ਕੀਤਾ ਸੀ। ਇਸਦੇ ਰਾਹੀ ਸਰਕਾਰ ਨੇ ਆਰ.ਬੀ.ਆਈ ਅਧਿਨਿਯਮ 1934, ਬੈਕਿੰਗ ਨਿਯਮ ਕਾਨੂੰਨ 1949, ਐਸ.ਬੀ.ਆਈ ਅਧਿਨਿਯਮ 1955 , ਬੈਕਿੰਗ ਕੰਪਨੀਜ਼ ਅਧਿਨਿਯਮ 1970-1980 ਦੇ ਕਈ ਕਾਨੂੰਨਾ ਵਿੱਚ ਸੁਧਾਰ ਕੀਤਾ ਗਿਆ ਹੈ। ਮੌਜੂਦਾ ਨਿਯਮ ਦੇ ਮੁਤਾਬਕ ਬੈਂਕ ਖਾਤਿਆਂ ਦੇ ਲਈ ਸਿਰਫ਼ ਇੱਕ ਹੀ ਵਿਅਕਤੀ ਨੂੰ ਨਾਮਿਨੀ ਬਣਾਇਆ ਜਾ ਸਕਦਾ ਹੈ।, ਪਰ ਕੋਵਿਡ ਦੇ ਦੌਰਾਨ ਵੱਡੀ ਗਿਣਤੀ ਵਿੱਚ ਹੋਈਆਂ ਮੌਤਾਂ ਦੇ ਬਾਅਦ ਬੈਕਾਂ ਦੇ ਸਾਹਮਣੇ ਇਸ ਤਰ੍ਹਾਂ ਹਜ਼ਾਰਾ ਕਾਨੂੰਨੀ ਵਿਵਾਦ ਆਏ ਸਨ, ਜਿਸ ਵਿੱਚ ਇੱਕ ਬੈਂਕ ਖ਼ਾਤੇ ਤੇ ਕਈ ਲੋਕਾਂ ਨੇ ਦਾਅਵਾ ਕੀਤਾ। ਉਸਦੇ ਬਾਅਦ ਇਹ ਜ਼ਰੂਰੀ ਸਮਝਿਆਂ ਗਿਆ ਕਿ ਆਪਣੀ ਮਰਜ਼ੀ ਨਾਲ ਖਾਤੇ ਵਿੱਚ ਜਮਹਾਂ ਧਨ ਨੂੰ ਆਪਣੇ ਪਰਿਵਾਰ ਵਿੱਚ ਵੰਡਣ ਦਾ ਜ਼ਿਆਦਾ ਅਧਿਕਾਰ ਦੇਣਾ ਚਾਹੀਦਾ। ਬੈਂਕ ਖਾਤਾਧਾਰਕ ਇਹ ਤਹਿ ਕਰ ਸਕਦਾ ਹੈ ਕਿ ਉਸਦੇ ਦੁਆਰਾ ਨਾਮਿਨੀ ਲੋਕਾਂ ਨੂੰ ਕਿੰਨਾ ਹਿੱਸਾ ਮਿਲੇਗਾ। ਇਸ ਨਾਲ ਬੈਕ ਖਾਤੇ ਵਿੱਚ ਜਮਾ ਧਨ ਦੇ ਬਟਵਾਰੇ ਦਾ ਕੰਮ ਜ਼ਿਆਦਾ ਆਸਾਨੀ ਨਾਲ ਹੋ ਸਕੇਗਾ। ਕਾਨੂੰਨ ਦੇ ਰਾਹੀ ਸਰਕਾਰ ਦੇ ਦੇਸਾਂ ਦੇ ਸਹਿਕਾਰੀ ਬੈਕਾਂ ਦੇ ਪ੍ਰਬੰਧਨ ਨੂੰ ਲੈ ਕੇ ਕੁਝ ਅਹਿਮ ਬਦਲਾਅ ਦਾ ਰਸਤਾ ਸਾਫ਼ ਕਰ ਦਿੱਤਾ ਹੈ। ਸਹਿਕਾਰੀ ਬੈਕਾਂ ਵਿੱਚ ਨਿਰਦੇਸ਼ਕਾਂ ਦੇ ਕੰਮ ਕਰਨ ਦੀ ਮਿਆਦ ਨੂੰ 8 ਤੋਂ ਵਧਾ 10 ਸਾਲ ਕਰ ਦਿੱਤਾ ਗਿਆ ਹੈ। ਸਹਿਕਾਰੀ ਬੈਕਾਂ ਦੇ ਨਿਰਦੇਸ਼ਕਾਂ ਨੂੰ ਰਾਜ ਸਹਿਕਾਰੀ ਬੈਕਾਂ ਦੇ ਨਿਰਦੇਸ਼ਕ ਬੋਰਡ ਦਾ ਮੈਂਬਰ ਬਣਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ।

# ਸਾਈਬਰ ਕ੍ਰਾਈਮ : ਜੇਬ ਤੇ ਡਾਕਾ, ਅਰਥਵਿਵਸਥਾ ਤੇ ਸੁਰੱਖਿਆ 'ਤੇ ਖ਼ਤਰਾ

ਨਵੀਂ ਦਿੱਲੀ, 04 ਦਸੰਬਰ, (ਜਸਵਿੰਦਰ ਸਿੰਘ ਬਿੱਟਾ)- ਸਾਈਬਰ ਅਪਰਾਧ ਇਹਨਾਂ ਦਿਨਾਂ ਵਿੱਚ ਸੁਰਖ਼ੀਆਂ ਵਿੱਚ ਹੈ। ਰੋਜ਼ਾਨਾ ਵੱਖ ਵੱਖ ਢੰਗਾਂ ਨਾਲ ਰੋਜ਼ਾਨਾ ਲੱਖਾਂ-ਕਰੋੜਾਂਰੁਪਏ ਦਾ ਫ਼ਰਾਡ ਹੋ ਰਿਹਾ ਹੈ। ਆਲਮ ਇਹ ਹੈ ਕਿ ਹਰ ਅਣਜਾਣ ਕਾਲ ਨੂੰ ਲੋਕ ਸ਼ੱਕ ਦੀ ਨਿਗਾਹ ਤੋਂ ਦੇਖਣ ਲੱਗੇ ਹਨ। ਅੰਕੜੇ ਵੀ ਹੈਰਾਨ ਕਰਨ ਵਾਲੇ ਹਨ। ਗ੍ਰਹਿ ਮੰਤਰਾਲੇ ਨਾਲ ਜੁੜੀ ਏਜੰਸੀ ਸਿਟੀਜਨ ਫਾਈਨੇਂਸ਼ੀਅਲ ਸਾਈਬਰ ਫਰਾਡ ਰਿਪੋਰਟਿੰਗ ਐਂਡ ਮੈਨੇਜਮੇਂਟ ਸਿਸਟਮ (ਸੀ.ਐਫ.ਸੀ.ਐਫ ਆਰ,ਐਮ.ਐਮ) ਦੇ ਮੁਤਾਬਕ ਸਾਲ 2024 ਵਿੱਚ ਨਵੰਬਰ ਮਹੀਨੇ ਤੱਕ ਸਾਈਬਰ ਫਰਾਂਡ ਦੀਆਂ ਲਗਭਗ 12 ਲੱਖ ਸ਼ਿਕਾਇਤਾਂ ਦਰਜ਼ ਹੋ ਚੁੱਕੀਆਂ ਹਨ। ਸਾਈਬਰ ਕ੍ਰਾਇਮ ਕੋਰਡੀਨੇਸ਼ਨ ਸੈਂਟਰ ਦੇ ਅੰਕੜੇ ਦੱਸਦੇ ਹਨ ਕਿ ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਸਾਈਬਰ ਫ਼ਰਾਡ ਦੇ ਕਾਰਨ 11,333 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਿਆ ਹੈ। ਪਬਲਿਕ ਰਿਸਪਾਂਸ ਅਗੇਂਸਟ ਹੇਲਪਲੇਸਨਸ ਐਂਡ ਐਕਸ਼ਨ ਫਾਰ ਰਿਡ ?ਰੈਸਲ (ਪ੍ਰਹਾਰ) ਦਾ ਮੰਨਣਾ ਹੈ ਕਿ ਅਪਰਾਧ 'ਤੇ ਲਗਾਮ ਨਹੀਂ ਲੱਗੀ ਤਾਂ ਸਾਲ 2033 ਤੱਕ ਹਰ ਸਾਲ ਭਾਰਤ ਵਿੱਚ ਸਾਲਾਨਾ ਇੱਕ ਲੱਖ ਕਰੋੜ ਦੇ ਸਾਈਬਰ ਅਟੈਕ ਹੋਣਗੇ।

### ਸਾਈਬਰ ਅਟੈਕ ਵਿੱਚ ਡਾਟਾ ਚੋਰੀ, ਆਨਲਾਈਨ ਹੇਟ ਕ੍ਰਾਈਮ,ਸਾਈਬਰ ਬੁਲਿੰਗ ਵਰਗੀਆਂ ਚੀਜ਼ਾਂ ਵੀ ਸ਼ਾਮਲ

ਸਾਈਬਰ ਅਟੈਕ ਵਿੱਚ ਆਨਲਾਇਨ ਫ਼ਰਾਡ ਅਤੇ ਸੇਕਟਸ਼ਨ ਵਰਗੀਆਂ ਚੀਜਾਂ ਹੀ ਸ਼ਾਮਲ ਨਹੀਂ ਹਨ । ਇਹਨਾਂ ਵਿੱਚ ਡਾਟਾ ਚੋਰੀ, ਰੈਨਸਮਵੇਅਰ, ਆਨਲਾਈਨ ਹੇਟ ਕ੍ਰਾਈਮ, ਸਾਈਬਰ ਬੁਲਿੰਗ, ਸਿਹਤ ਅਤੇ ਸਿੱਖਿਆ ਵਰਗੀਆਂ ਸੇਵਾਵਾਂ ਤੇ ਸਾਈਬਰ ਅਟੈਕ, ਆਈਡੇਂਟਿਟੀ ਥੇਫਟ, ਨਜ਼ਾਇਜ ਸੱਟੇਬਾਜੀ ਐਪ ਵਰਗੀਆਂ ਕਈ ਚੀਜ਼ਾਂ ਸ਼ਾਮਲ ਹਨ। ਜਿਹਨਾਂ ਦਾ ਇਸਤੇਮਾਲ ਕਿਸੇ ਦੇਸ਼ ਦੀ ਆਰਥਿਕਤਾ ਅਤੇ ਅੰਦਰੂਨੀ ਸੁਰੱਖਿਆ ਨੂੰ ਕਮਜ਼ੋਰ ਕਰਨ ਵਿੱਚ ਕੀਤਾ ਜਾ ਸਕਦਾ ਹੈ।

ਸਾਈਬਰ ਸੁਰੱਖਿਆ ਮਾਹਿਰ ਅਤੇ ਭਾਰਤੀ ਪੁਲਿਸ ਸੇਵਾ ਦੇ ਸਾਬਕਾ ਅਧਿਕਾਰੀ ਮੁਕਤੇਸ਼ ਚੰਦੇਰ ਦਾ ਕਹਿਣਾ ਹੈ ਕਿ ਸਾਈਬਰ ਅਟੈਕ ਦਾ ਇਸਤੇਮਾਲ ਕਿਸੇ ਦੇਸ਼ ਦੀ ਅਰਥ ਵਿਵਸਥਾ ਦੀ ਮਜ਼ਬੂਤ ਕੜੀ ਨੂੰ ਕਮਜ਼ੋਰ ਕਰਨ ਵਿੱਚ ਹੋ ਸਕਦਾ ਹੈ। ਐਸਟੋਨਿਆ ਵਿੱਚ ਅਸੀ ਅਜਿਹਾ ਦੇਖਿਆ ਹੈ। 'ਪ੍ਰਹਾਰ' ਦੇ ਰਾਸ਼ਟਰੀ ਸੰਯੋਜਕ ਅਭੈ ਮਿਸ਼ਰਾ ਦੇ ਮੁਤਾਬਕ, ਸਾਈਬਰ ਅਟੈਕ ਕਿਸੇ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਉਹਨਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰਨ ਦਾ ਟੂਲ ਬਣਦਾ ਜਾ ਰਿਹਾ ਹੈ।

ਇਸ ਸਾਲ ਅਗਸਤ ਵਿੱਚ ਸੰਸਦ ਸੈਸ਼ਨ ਦੇ ਦੌਰਾਨ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਹੋਰ ਅਪਰਾਧਾਂ ਦੀ ਤਰ੍ਹਾਂ ਸਾਈਬਰ ਫਰਾਡ ਨੂੰ ਰੋਕਣਾ ਵੀ ਰਾਜ ਦੀਆਂ ਏਜੰਸੀਆਂ ਦੀ ਜਿੰਮੇਵਾਰੀ ਹੈ। ਸਾਈਬਰ ਅਪਰਾਧ ਨਾਲ ਨਜਿੱਠਣ ਦੇ ਤੰਤਰ ਨੂੰ ਮਜ਼ਬੂਤ ਕਰਨ ਦੇ ਲਈ ਕੇਂਦਰ ਨੇ ਸਾਈਬਰ ਕ੍ਰਾਇਮ ਕੋਰਡੀਨੇਸ਼ਨ ਸੈਂਟਰ ਦੇ ਨਾਲ ਨੈਸ਼ਨਲ ਸਾਈਬਰ ਕ੍ਰਾਇਮ ਰਿਪੋਰਟਿੰਗ ਪੋਰਟਲ ਦੀ ਸਥਾਪਨਾ ਕੀਤੀ ਹੈ।ਇਸਦੇ ਇਲਾਵਾ ਸਾਈਬਰ ਅਪਰਾਧਾਂ ਦੇ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਜਾ ਰਹੀ ਹੈ।

ਇਲੈਕਟਰਾਨਿਕਸ ਅਤੇ ਆਈ.ਟੀ ਮੰਤਰਾਲੇ ਸਾਈਬਰ ਅਪਰਾਧ ਤੇ ਲਗਾਮ ਦੇ ਲਈ ਪੂਰਾ ਫਰੇਮਵਰਕ ਤਿਆਰ ਕਰ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਐਨੇ ਵੱਡੇ ਪੈਮਾਨੇ ਤੇ ਹੋ ਰਹੇ ਸਾਈਬਰ ਅਪਰਾਧਾਂ ਨੂੰ ਰੋਕਣ ਦੇ ਲਈ ਦੇਸ਼ ਵਿੱਚ ਅਜੇ ਤੱਕ ਅਲੱਗ ਤੋਂ ਵਿਸ਼ੇਸ਼ ਕਾਨੂੰਨ ਨਹੀਂ ਬਣਾਇਆ ਗਿਆ ਹੈ। ਆਈ.ਟੀ ਕਾਨੂੰਨ ਵਿੱਚ ਸੰਸ਼ੋਧਨ ਦੇ ਤਹਿਤ 2022 ਵਿੱਚ ਲਾਈਆਂ ਰੋਕਾਂ ਦੇ ਤਹਿਤ ਹੀ ਸਾਈਬਰ ਅਪਰਾਧਾਂ ਨੂੰ ਰੋਕਣ ਦੀ ਹੁਣ ਤੱਕ ਕੋਸ਼ਿਸ਼ ਕੀਤੀ ਜਾ ਰਹੀ ਹੈ।




ROYAL SHIELD GROUP

# SUPER VISA INSURANCE

**EMERGENCY MEDICAL INSURANCE FOR**

- STUDENTS
- WORK PERMIT HOLDERS
- VISITORS



## TEHAL SINGH BRAR

**INSURANCE ADVISOR**

**905-782-2013**

**SAHAS BRAR**

**416-660-6151**




## CHILD PLAN

**Do you want to give a Life Time Gift to your Child? Call Now to set up this plan!**

- A MAGICAL POLICY
- 20 Years To Pay!

# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**








**BRAMPTON**
**CASH & CARRY**

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**



HURRY!
SPECIAL OFFER
BRAMPTON CASH & CARRY
Importer | Wholesaler | Retailer
WHITE ONION– 50 POUND
22 $
Easterday PRODUCE
ONIONS
BUY NOW
T&C APPLY
100 Kennedy Rd S, Brampton, ON L6W 3E7, Canada
905-230-4800




HURRY!
SPECIAL OFFER
BRAMPTON CASH & CARRY
Importer | Wholesaler | Retailer
BRAR BESAN SUPER FINE
9.99 $
BRAR SWEET CORN FLOUR
4.99 $
SHER WHITE WHOLE WHEAT ATTA
15.99 $
BUY NOW
T&C APPLY
100 Kennedy Rd S, Brampton, ON L6W 3E7, Canada
905-230-4800